بِسۡمِ اللّٰہِ الرَّحۡمٰنِ الرَّحِیۡمِ    نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ    وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 19.03.2021

ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਮਹਾਨ ਮਰਤਬਾ ਰਖੱਣ ਵਾਲੇ ਬਦਰ ਦੇ ਸਹਾਬੀ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਦੇ ਸਦਗੁਣਾ ਦਾ ਇਮਾਨ ਵਿੱਚ ਵਾਧਾ ਕਰਨ ਵਾਲਾ ਜ਼ਿਕਰ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 19 ਮਾਰਚ 2021 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ**

أَشْهَدُ أَنْ لَا إِلٰهَ إِلَّا اللّٰهُ وَحْدَهُ لَا شَرِيْكَ لَهُ وَأَشْهَدُ أَنَّ مُحَمَّدًا عَبْدُهُ وَرَسُوْلُهُ أَمَّا بعد فاعوذ بالله من الشيطٰن الرجيم۔

بِسْمِ اللّٰهِ الرَّحْمٰنِ الرَّحِيْمِ۔ اَلْحَمْدُ لِلّٰهِ رَبِّ الْعَالَمِيْنَ۔ اَلرَّحْمٰنِ الرَّحِيْمِ۔ مٰلِكِ يَوْمِ الدِّيْنِ۔ إِيَّاكَ نَعْبُدُ وَإِيَّاكَ نَسْتَعِيْنُ۔ اِهْدِنَا الصِّرَاطَ الْمُسْتَقِيْمَ۔ صِرَاطَ الَّذِيْنَ أَنْعَمْتَ عَلَيْهِمْ غَيْرِ الْمَغْضُوْبِ عَلَيْهِمْ وَلَا الضَّالِّيْنَ۔

ਤਸ਼ਹਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਦਾ ਜ਼ਿਕਰ ਚੱਲ ਰਿਹਾ ਸੀ ਇਹਨਾ ਦੀ ਸ਼ਹੀਦੀ ਦੇ ਬਾਦ ਦੀਆਂ ਘਟਨਾਵਾਂ ਬਾਰੇ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹੁ ਅਨਹੁ ਨੇ ਲਿੱਖਿਆ ਹੈ ਕਿ : ਬਾਗ਼ੀ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਨੂੰ ਤਾਂ ਸ਼ਹੀਦ ਕਰ ਚੁੱਕੇ ਸਨ, ਉਹਨਾ ਦੇ ਸ਼ਰੀਰ ਨੂੰ ਦਫ਼ਨਾਉਣ ਬਾਰੇ ਵੀ ਇਤਰਾਜ਼ ਹੋਇਆ ਅਤੇ ਤਿੰਨ ਦਿਨਾਂ ਤੱਕ ਆਪਜੀ ਨੂੰ ਦਫ਼ਨਾਇਆ ਨਹੀਂ ਜਾ ਸਕਿਆ । ਅਖ਼ੀਰ ਸਹਾਬਾ ਦੀ ਇਕ ਜਮਾਤ ਨੇ ਹਿਮੱਤ ਕਰਕੇ ਰਾਤ ਦੇ ਸਮੇਂ ਆਪ ਨੂੰ ਦਫ਼ਨ ਕੀਤਾ ।

ਹਜ਼ਰਤ ਅਬੂ ਮੂਸਾ ਅਸ਼ਅਰੀ ਰਜ਼ੀ ਅਲੱਾਹੁ ਅਨਹੁ ਤੋਂ ਰਿਵਾਇਤ ਹੈ ਕਿ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਇਕ ਬਾਗ਼ ਵਿੱਚ ਦਾਖ਼ਲ ਹੋਏ ਅਤੇ ਮੈਂਨੂੰ ਬਾਗ਼ ਦੇ ਦਰਵਾਜ਼ੇ ਉਪੱਰ ਪਹਿਰਾ ਦੇਣ ਦਾ ਹੁਕਮ ਦਿਤੱਾ । ਐਨ੍ਹੇ ਵਿੱਚ ਇਕ ਵਿਅਕਤੀ ਆਇਆ ਅਤੇ ਅੰਦਰ ਆਉਣ ਦੀ ਆਗਿਆ ਮੰਗੀ ਆਪ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਇਸ ਨੂੰ ਅੰਦਰ ਆਉਣ ਦਿਓ ਅਤੇ ਇਸ ਨੂੰ ਜਨੱਤ (ਸਵਰਗ) ਦੀ ਖ਼ੁਸ਼ਖ਼ਬਰੀ ਦੇ ਦਿਓ ਤਾਂ ਕੀ ਦੇਖਦਾ ਹਾਂ ਕਿ ਉਹ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਹਨ । ਫ਼ਿਰ ਇਕ ਹੋਰ ਵਿਅਕਤੀ ਆਇਆ ਅਤੇ ਆਗਿਆ ਮੰਗੀ ਤਾਂ ਆਪ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਇਸਨੂੰ ਵੀ ਜਨੱਤ ਦੀ ਖ਼ੁਸ਼ਖ਼ਬਰੀ ਦੇ ਦਿਓ ਤਾਂ ਕੀ ਦੇਖਦਾ ਹਾਂ ਕਿ ਉਹ ਉਮਰ ਰਜ਼ੀ ਅਲੱਾਹੁ ਅਨਹੁ ਹਨ । ਫਿਰ ਇਕ ਹੋਰ ਵਿਅਕਤੀ ਆਇਆ ਅਤੇ ਆਗਿਆ ਮੰਗੀ ਇਸ'ਤੇ ਆਪ ਸਲਲੱਾਹੁ ਅਲੈਹਿ ਵਸਲੱਮ ਥੋੜ੍ਹੀ ਦੇਰ ਚੁੱਪ ਰਹੇ ਅਤੇ ਫਿਰ ਫ਼ਰਮਾਇਆ ਇਸਨੂੰ ਆਉਣ ਦਿਓ ਅਤੇ ਇਸਨੂੰ ਜਨੱਤ ਦੀ ਖ਼ੁਸ਼ਖ਼ਬਰੀ ਦੇ ਦਿਓ ਪਰ ਹਾਂ ਇਸਨੂੰ ਇਕ ਬਹੁਤ ਵੱਡੀ ਮੁਸੀਬਤ ਪਹੁੰਚੇਗੀ, ਤਾਂ ਕੀ ਦੇਖਦਾ ਹਾਂ ਕਿ ਉਹ ਹਜ਼ਰਤ ਉਸਮਾਨ ਬਿਨ ਅਫ਼ਾਨ ਰਜ਼ੀ ਅਲੱਾਹ ਅਨਹੁ ਹਨ ।

ਹਜ਼ਰਤ ਅਨਸ ਰਜ਼ੀ ਅਲੱਾਹੁ ਅਨਹੁ ਤੋਂ ਰਿਵਾਇਤ ਹੈ ਕਿ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਉਹਦ ਪਹਾੜ'ਤੇ ਚੜ੍ਹੇ ਜੱਦਕਿ ਆਪਦੇ ਨਾਲ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਅਤੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਅਤੇ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਸਨ । ਉਹਦ ਪਹਾੜ ਹਿਲੱਣ ਲਗੱਾ ਤਾਂ ਆਪ ਨੇ ਫ਼ਰਮਾਇਆ ਉਹਦ ਠਹਿਰ ਜਾ । ਰਿਵਾਇਤ ਕਰਨ ਵਾਲੇ ਕਹਿੰਦੇ ਹਨ ਕਿ ਮੇਰਾ ਵਿਚਾਰ ਹੈ ਕਿ ਆਪ ਸਲਲੱਾਹੁ ਅਲੈਹਿ ਵਸਲੱਮ ਨੇ ਇਸ'ਤੇ ਆਪਣਾ ਪੈਰ੍ਹ ਵੀ ਮਾਰਿਆ ਅਤੇ ਫ਼ਰਮਾਇਆ ਤੇਰੇ'ਤੇ ਇਕ ਨਬੀ ਅਤੇ ਇਕ ਸਿੱਦੀਕ (ਸੱਚਿਆਰ) ਅਤੇ ਦੋ ਸ਼ਹੀਦ ਹਨ । ਹਜ਼ਰਤ ਇਬਨੇ ਉਮਰ ਰਜ਼ੀ ਅਲੱਾਹੁ ਅਨਹੁ ਬਿਆਨ ਕਰਦੇ ਹਨ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਇਕ ਫ਼ਿਤਨੇ (ਫ਼ਸਾਦ) ਦਾ ਜ਼ਿਕਰ (ਚਰਚਾ) ਕਰਦਿਆਂ ਹੋਇਆਂ

ਫ਼ਰਮਾਇਆ ਕਿ ਇਹ ਵਿਅਕਤੀ ਇਸ ਫ਼ਸਾਦ ਦੀ ਅਵਸਥਾ ਵਿੱਚ ਮਜ਼ਲੂਮ ਹੁੰਦਿਆਂ ਹੋਇਆਂ ਮਾਰਿਆ ਜਾਵੇਗਾ । ਇਹ ਗੱਲ ਆਪ ਜੀ ਨੇ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਵੱਲ ਸੰਕੇਤ ਕਰਦਿਆਂ ਹੋਇਆਂ ਆਖੀ ।

ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਨੂੰ ਪੁੱਛਿਆ ਗਿਆ ਕਿ ਆਪ ਸਾਨੂੰ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਬਾਰੇ ਕੁਝ ਦਸੱਣ । ਆਪ ਨੇ ਫ਼ਰਮਾਇਆ ਉਹ ਤਾਂ ਅਜਿਹਾ ਵਿਅਕਤੀ ਸੀ ਜੋ ਰੱਬ ਨੇੜੇ ਵੀ 'ਜ਼ੁਨੂੱਰੈਨ' (ਦੋ ਨੂਰਾਂ ਵਾਲਾ) ਸੀ । ਹਜ਼ਰਤ ਅਲੀ ਰਜ਼ੀ ਅਲੱਾਹੁ ਅਨਹੁ ਨੇ ਫ਼ਰਮਾਇਆ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਸਾਡੇ ਸਾਰਿਆਂ ਵਿੱਚੋਂ ਸਭ ਤੋਂ ਵਧੱਕੇ ਮਿਹਰਬਾਨੀ ਕਰਨ ਵਾਲੇ ਸਨ । ਹਜ਼ਰਤ ਆਇਸ਼ਾ ਰਜ਼ੀ ਅਲੱਾਹ ਅਨਹਾ ਨੂੰ ਜੱਦ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਦੀ ਸ਼ਹੀਦੀ ਦੀ ਖ਼ਬਰ ਮਿਲੀ ਤਾਂ ਉਹਨਾ ਦੇ ਫ਼ਰਮਾਇਆ, ਇਹਨਾ ਲੋਕਾਂ ਨੇ ਆਪ ਨੂੰ ਕਤਲ ਕਰ ਦਿਤੱਾ, ਹਾਲਾਂਕਿ ਆਪ ਇਹਨਾ ਸਾਰਿਆਂ ਤੋਂ ਵੱਧ ਮਿਹਰਬਾਨੀ ਕਰਨ ਵਾਲੇ ਅਤੇ ਇਹਨਾ ਸਾਰਿਆਂ ਤੋਂ ਵੱਧ ਰੱਬ ਦਾ ਤਕਵਾ (ਸੰਜਮਤਾ) ਰਖੱਣ ਵਾਲੇ ਸਨ । 'ਅਲ ਅਸਤੇਆਬ' ਵਿੱਚ ਲਿੱਖਿਆ ਹੈ ਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਮੈਂ ਆਪਣੇ ਜਲਾਂਲ ਵਲੇ ਰੱਬ ਤੋਂ ਇਹ ਦੁਆ ਮੰਗੀ ਹੈ ਕਿ ਉਹ ਕਿਸੇ ਅਜਿਹੇ ਵਿਅਕਤੀ ਨੂੰ ਅੱਗ ਵਿੱਚ ਨ ਪਾਵੇ ਜੋ ਮੇਰਾ ਦਾਮਾਦ ਹੋਵੇ ਜਾਂ ਜਿਸ ਦਾ ਮੈਂ ਦਾਮਾਦ ਹੋਵਾਂ ।

ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਦੇ ਹੁਲੀਏ ਬਾਰੇ ਲਿੱਖਿਆ ਹੈ ਕਿ ਆਪ ਨ ਤਾਂ ਛੋਟੇ ਕੱਦ ਦੇ ਸਨ ਅਤੇ ਨ ਹੀ ਬਹੁਤ ਲੰਮੇ । ਆਪ ਦਾ ਚਿਹਰਾ ਸੁੰਦਰ, ਨਰਮ ਚਮੜੀ, ਦਾੜ੍ਹੀ ਘਣੀ ਅਤੇ ਲੰਮੀ, ਰੰਗ ਗੰਦਮੀ, ਜੋੜ ਮਜ਼ਬੂਤ, ਮੋਢੇ ਚੋੜੇ ਤੇ ਸਿਰ ਦੇ ਵਾਲ ਘਣੇ ਸਨ । ਆਪ ਦਾੜ੍ਹੀ ਨੂੰ ਖ਼ਜ਼ਾਬ ਨਾਲ ਪੀਲੀ ਕਰ ਲਿਆ ਕਰਦੇ ਸਨ । ਮੂਸਾ ਬਿਨ ਤਲਹਾ ਬਿਆਨ ਕਰਦੇ ਹਨ ਕਿ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਸਾਰਿਆਂ ਲੋਕਾਂ ਤੋਂ ਬਹੁਤੇ ਸੋਹਣੇ ਸਨ । ਅਸ਼ਰਾ ਮੁਬਸ਼ੱਰਾ ਵਿੱਚ ਵੀ ਸ਼ਾਮਲ ਸਨ (ਅਜਿਹੇ ਉਹ ਦੱਸ ਲੋਕ ਜਿੰਨ੍ਹਾ ਨੂੰ ਆਪਣੇ ਜੀਵਨ ਕਾਲ ਵਿੱਚ ਹੀ ਸਵਰਗ ਦੀ ਖ਼ੁਸ਼ਖ਼ਬਰੀ ਹਾਸਲ ਸੀ) ।

ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੀ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹ ਨਾਲ ਸਵਰਗ ਵਿੱਚ ਮਿਤੱਰਤਾ ਬਾਰੇ ਆਉਂਦਾ ਹੈ ਕਿ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਰਇਆ, ਹਰ ਨਬੀ ਦਾ ਇਕ ਰਫ਼ੀਕ (ਮਿਤੱਰ) ਹੁੰਦਾ ਹੈ ਅਤੇ ਮੇਰਾ ਰਫ਼ੀਕ ਅਰਥਾਤ ਸਵਰਗ ਵਿੱਚ ਮੇਰਾ ਸਾਥੀ ਉਸਮਾਨ ਹੋਵੇਗਾ । ਹਜ਼ਰਤ ਜਾਬਰ ਬਿਆਨ ਕਰਦੇ ਹਨ ਕਿ ਇਕ ਵਾਰ ਅਸੀਂ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਦਾ ਨਾਲ ਇਕ ਘਰ ਵਿੱਚ ਮੁਹਾਜਰਾਂ ਦੇ ਇਕ ਜੱਥੇ ਨਾਲ ਸਨ ਜਿੰਨ੍ਹਾ ਵਿੱਚ ਅਬੂ ਬਕਰ, ਉਮਰ, ਉਸਮਾਨ, ਅਲੀ, ਤਲਹਾ, ਜ਼ੁਬੈਰ, ਅਬਦੁਰ ਰਹਮਾਨ ਬਿਨ ਔਫ਼ ਅਤੇ ਸਅਦ ਬਿਨ ਅਬੀ ਵਕਾਸ ਰਿਜ਼ਵਾਨੁਲੱਾਹ ਅਲੈਹਿਮ ਸਨ ਤਾਂ ਉਸ ਸਮੇਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਹਰ ਵਿਅਕਤੀ ਅਪਣੇ ਹਮਤੁਲ ਸਾਥੀ ਨਾਲ ਖੜਾ ਹੋ ਜਾਵੇਗਾ, ਫਿਰ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਨਾਲ ਖੜੇ ਹੋ ਗਏ ਅਤੇ ਉਹਨਾ ਦਾਲ ਹੱਥ ਮਿਲਾਇਆ ਅਤੇ ਫ਼ਰਮਾਇਆ 'ਅੰਤਾ ਵਲੀੱਯੀ ਫ਼ਿਦੁੱਨੀਆ ਵਲ ਆਖ਼ਿਰਹ' (أَنتَ وَلِيٌّ فِي الدُّنْيَا وَوَلِيٌّ فِي الْآخِرَةِ) ਕਿ ਤੁਸੀਂ ਦੁਨੀਆ ਵਿੱਚ ਵੀ ਮੇਰੇ ਮਿੱਤਰ ਹੋ ਅਤੇ ਪਰਲੈ ਵਿੱਚ ਵੀ ।

ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਜੀਵਨ ਵਿੱਚ ਮਸਜਿਦ ਨਬਵੀ ਦਾ ਵਿਸਥਾਰ ਹੋਇਆ ਸੀ । ਇਸ ਵਿੱਚ ਵੀ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਨੂੰ ਹਿਸੱਾ ਲੈਣ ਦਾ ਸੁਅਵਸਰ ਪ੍ਰਾਪਤ ਹੋਇਆ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਰਬੀਉਲ ਅਵੱਲ ਮਹੀਨਿ ਦੀ ਪਹਿਲੀ ਹਿਜਰੀ ਅਨੁਸਾਰ ਅਕਤੂਬਰ 622 ਈ. ਦੇ ਅੰਤ ਵਿੱਚ ਆਪਣੇ ਹੱਥੀਂ ਮਸਜਿਦ ਨਬਵੀ ਦੀ ਨੀਂਹ ਰੱਖੀ ਅਤੇ ਇਸ ਦਾ ਸੰਪੂਰਨ ਸ਼ਵਾਲ ਮਹੀਨਿ ਦੀ ਪਹਿਲੀ ਹਿਜਰੀ ਅਨੁਸਾਰ 623 ਈ. ਵਿੱਚ ਹੋਈ । ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੇ ਦੌਰ ਵਿੱਚ ਮਸਜਿਦ ਨਬਵੀ ਦਾ ਪਹਿਲਾ ਵਿਸਥਾਰ ਮੁਹਰੱਮ 7 ਹਿਜਰੀ ਅਨੁਸਾਰ ਜੂਨ 628 ਈ. ਵਿੱਚ ਹੋਇਆ । ਰਸੂਲੁਲੱਾਹ ਸਲਲੱਾਹੁਅਲੈਹਿ ਵਸਲੱਮ ਖ਼ੈਬਰ ਦੀ ਜੰਗ ਤੋਂ ਸਫ਼ਲ ਹੋਕੇ ਪਰਤੇ ਤਾਂ ਆਪ ਨੇ ਮਸਜਿਦ ਨਬਵੀ ਦੇ ਨਵੇਂ ਵਿਸਥਾਰ ਦਾ ਹੁਕਮ ਜਾਰੀ ਕੀਤਾ । ਮਸਜਿਦ ਦੇ ਉਤੱਰ ਵੱਲ ਇਕ ਅੰਸਾਰੀ ਸਹਾਬੀ ਦਾ ਘਰ ਸੀ ਜਿਸ ਨੂੰ ਆਪਣਾ ਘਰ ਦੇਣ ਵਿੱਚ ਕੁਝ ਵਿਚਾਰ ਸੀ । ਹਜ਼ਰਤ ਉਸਮਾਨ ਨੇ ਆਪਣੀ ਜੇਬ'ਚੋਂ ਦੱਸ ਹਜ਼ਾਰ ਦੀਨਾਰ ਦੇਕੇ ਉਹ ਘਰ ਖ਼ਰੀਦ ਲਿਆ ਅਤੇ ਨਬੀ ਕਰੀਮ ਸਲਲੱਾਹੁ ਅਲੈਹਿ ਵਨਲੱਮ ਦੀ ਸੇਵਾ ਵਿੱਚ ਪੇਸ਼ ਕਰ ਦਿਤੱਾ । ਆਪ ਨੇ ਇਸ ਨੂੰ ਮਸਜਿਦ ਵਿੱਚ ਸ਼ਾਮਲ ਕਰ ਦਿਤੱਾ ।

ਹਜ਼ਰਤ ਉਮਰ ਰਜ਼ੀ ਅਲੱਾਹ ਅਨਹੁ ਦੇ ਕਾਲ ਵਿੱਚ ਮਸਜਿਦ ਨਬਵੀ ਦਾ ਦੂਜਾ ਵਿਸਥਾਰ 17 ਹਿਜਰੀ ਵਿੱਚ ਹੋਇਆ । ਜੱਦ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ 24 ਹਿਜਰੀ ਨੂੰ ਖ਼ਲੀਫ਼ਾ ਨਿਯੁਕਤ ਹੋਏ ਤਾਂ ਲੋਕਾਂ ਨੇ ਇਹਨਾਂ ਨੂੰ ਬਿਨਤੀ ਕੀਤੀ ਕਿ ਮਸਜਿਦ ਨਬਵੀ ਦਾ ਵਿਸਥਾਰ ਕਰ ਦਿੱਤਾ ਜਾਏ । ਉਹਨਾਂ ਦੇ ਵਿਹੜੇ ਦੀ ਤੰਗੀ ਦਾ ਪ੍ਰਗਟਾਵਾ ਕੀਤਾ । ਹਜ਼ਰਤ ਉਸਮਾਨ ਨੇ ਸਹਾਬਾ ਨਾਲ ਮਸ਼ਵਰਾ ਕੀਤਾ, ਸਾਰਿਆਂ ਦੀ ਇਹੋ ਰਾਏ ਸੀ ਕਿ ਪੁਰਾਣੀ ਮਸਜਿਦ ਨੂੰ ਢਾਹ ਕੇ ਇਸ ਦੀ ਥਾਂ ਨਵੀਂ ਮਸਜਿਦ ਦੀ ਉਸਾਰੀ ਕੀਤੀ ਜਾਵੇ । ਇਕ ਦਿਨ ਹਜ਼ਰਤ ਉਸਮਾਨ ਨੇ ਜ਼ੁਹਰ ਦੀ ਨਮਾਜ਼ ਦੇ ਬਾਦ ਫ਼ਰਮਾਇਆ ਕਿ ਮੈਂ ਮਸਜਿਦ ਢਾਹ ਕੇ ਇਸਦੀ ਥਾਂ ਨਵੀਂ ਮਸਜਿਦ ਬਨਾਉਂਣਾ ਚਾਹੁੰਦਾ ਹਾਂ ਅਤੇ ਮੈਂ ਗਵਾਹੀ ਦਿੰਦਾ ਹਾਂ ਕਿ ਮੈਂ ਰਸੂਲੁਲੱਹ ਸਲਲੱਾਹੁ ਅਲੈਹਿ ਵਸਲੱਮ ਦੇ ਪਵਿਤੱਰ ਮੂੰਹੋਂ ਸੁਣਿਆਂ ਹੈ ਕਿ ਜੋ ਵੀ ਮਸਜਿਦ ਬਣਾਉਂਦਾ ਹੈ ਰੱਬ ਉਸਨੂੰ ਸਵਰਗ ਵਿੱਚ ਇਕ ਘਰ ਪ੍ਰਦਾਨ ਕਰਦਾ ਹੈ । ਮੈਂਥੋਂ ਪਹਿਲਾਂ ਹਜ਼ਰਤ ਉਮਰ ਫ਼ਾਰੂਕ ਰਜ਼ੀ ਅਲੱਾਹੁ ਅਨਹੁ ਦੇ ਹੱਥੀਂ ਮਸਜਿਦ ਨਬਵੀ ਦਾ ਵਿਸਥਾਰ ਅਤੇ ਮੇਰੇ ਲਈ ਨਵੀਂ ਉਸਾਰੀ ਇਕ ਉਧਾਰਣ ਹੈ । ਮੈਂ ਸਲਾਹਕਾਰ ਸਹਾਬਾ ਨਾਲ ਮਸ਼ਵਰਾ ਕੀਤਾ ਹੈ ਅਤੇ ਇਹਨਾ ਸਾਰਿਆਂ ਦਾ ਸਾਮੂਹਿਕ ਇਹੋ ਮਸ਼ਵਰਾ ਹੈ ਕਿ ਮਸਜਿਦ ਨੂੰ ਢਾਹ ਕੇ ਇਸਨੂੰ ਨਵੇਂ ਸਿਰਿਓਂ ਉਸਾਰਿਆਂ ਜਾਣਾ ਚਾਹੀਦਾ ਹੈ । ਇਸ'ਤੇ ਕੁਝ ਸਹਾਬਾ ਨੇ ਇਸ ਮਾਮਲੇ ਬਾਰੇ ਸੰਦੇਹ ਵਰਨਣ ਕੀਤੇ । ਉਹਨਾ ਦਾ ਵਿਚਾਰ ਸੀ ਕਿ ਢਾਹੁਣੀ ਨਹੀਂ ਚਾਹੀਦੀ । ਜੱਦ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਲੋਕਾਂ ਨੂੰ ਸਹਿਮਤ ਕਰਨ ਵਿੱਚ ਸਫ਼ਲ ਹੋ ਗਏ ਤਾਂ ਆਪਨੇ ਰਬੀਉਲ ਅਵੱਲ ਦੇ ਮਹੀਨਿ 29 ਹਿਜਰੀ ਅਨੁਸਾਰ 649 ਈ. ਵਿੱਚ ਕੰਮ ਅਰੰਭ ਕੀਤਾ, ਨਵੀਂ ਉਸਾਰੀ ਦੇ ਕੰਮ ਵਿੱਚ ਕੇਵਲ ਦੱਸ ਮਹੀਨਿ ਲੱਗੇ ਅਤੇ ਇਸ ਪ੍ਰਕਾਰ ਪਹਿਲੀ ਮੁਹਰੱਮ 30 ਹਿਜਰੀ ਨੂੰ ਮਸਜਿਦ ਤਿਆਰ ਹੋ ਗਈ । ਇਸ ਕੰਮ ਲਈ ਆਪ ਖ਼ੁਦ ਨਿਗਰਾਨੀ ਕਰਦੇ ਸਨ । ਦਿਨ ਸਮੇਂ ਹਮੇਸ਼ਾ ਰੋਜ਼ਾ ਰਖੱਦੇ ਅਤੇ ਰਾਤ ਸਮੇਂ ਜੇਕਰ ਨੀਂਦ ਮਜਬੂਰ ਕਰਦੀ ਤਾਂ ਮਸਜਿਦ ਵਿੱਚ ਹੀ ਅਰਾਮ ਕਰ ਲਿਆ ਕਰਦੇ ਸਨ । ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਨੇ ਮਸਜਿਦ ਨਬਵੀ ਨੂੰ ਦਖੱਣ ਵੱਲ ਕਿਬਲੇ ਵਾਲੇ ਪਾਸੇ ਵਿਸਥਾਰ ਦਿਤੱਾ ਅਤੇ ਇਸ ਦੇ ਕਿਬਲੇ ਵੱਲ ਦੀ ਕੰਧ ਨੂੰ ਉਸ ਥਾਂ ਤੱਕ ਵਧਾ ਦਿਤੱਾ ਜਿੱਥੇ ਅੱਜ ਹੈ । ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਦੇ ਕਾਲ ਵਿੱਚ ਮਸਜਿਦ ਦੇ ਦਰਵਾਜ਼ਿਆਂ ਦੀ ਗਿਣਤੀ ਛੇ ਸੀ । ਪਹਿਲੀ ਵਾਰ ਮਸਜਿਦ ਨਬਵੀ ਵਿੱਚ ਪਥੱਰਾਂ'ਤੇ ਨਕਸ਼ ਉਲੀਕੇ ਗਏ । ਇਸ ਵਿੱਚ ਸੁਫ਼ੈਦੀ ਕਰਾਈ ਗਈ ਹਜ਼ਰਤ ਖ਼ਾਰਜਾ ਬਿਨ ਜ਼ੈਦ ਬਿਆਨ ਅਨੁਸਾਰ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਨੇ ਮਸਜਿਦ ਨਬਵੀ ਦੀਆਂ ਪੂਰਬੀ ਤੇ ਪਛਮੀ ਕੰਧਾਂ ਵਿੱਚ ਰੋਸ਼ਨਦਾਨ ਰਖੱਵਾਏ ਸਨ । ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਿਆ ਗਿਆ ਕਿ ਨਵੇਂ ਸਤੰਭ ਉਹਨਾ ਹੀ ਸਤੰਭਾਂ ਦੀ ਥਾਂ ਉਸਾਰੇ ਜਾਣ ਜਿੱਥੇ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੇ ਪਵਿਤੱਰ ਕਾਲ ਵਿੱਚ ਖਜੂਰ ਦੇ ਤਣਿਆਂ ਨਾਲ ਬਣੇ ਹੋਏ ਹੋਇਆ ਕਰਦੇ ਸਨ । ਕਿਉਂਕਿ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੀ ਸ਼ਹੀਦੀ ਮਹਿਰਾਬ ਨਬਵੀ ਵਿੱਚ ਨਮਾਜ਼ ਦੀ ਇਮਾਮਤ ਕਰਦਿਆਂ ਹੋਇਆਂ ਹੋਈ ਸੀ । ਇਸ ਗੱਲ ਨੂੰ ਯਕੀਨੀ ਬਨਾਉਣ ਲਈ ਕਿ ਭਵਿੱਖ ਵਿੱਚ ਕੋਈ ਅਜਿਹੀ ਘਟਨਾ ਨ ਵਾਪਰੇ, ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਨੇ ਮਹਿਰਾਬ ਦੇ ਅਸਥਾਨ'ਤੇ ਇਕ 'ਮਕਸੂਰਹ' (ਇਮਾਮ ਦੇ ਖੜੇ ਹੋਣ ਧੀ ਥਾਂ) ਬਣਵਾਇਆ ਜੋ ਕਿ ਮਿੱਟੀ ਦੀਆਂ ਇਟੱਾਂ ਦਾ ਬਣਿਆ ਹੋਇਆ ਸੀ ਅਤੇ ਇਸ ਵਿੱਚ ਝਰੋਖੇ ਤੇ ਮੋਰੇ ਰੱਖੇ ਗਏ ਸਨ ਤਾਂ ਜੋ ਮੁਕਤਦੀ (ਪਿੱਛੇ ਨਮਾਜ਼ ਪੜ੍ਹਨ ਵਾਲੇ) ਆਪਣੇ ਇਮਾਮ ਨੂੰ ਦੇਖ ਸਕਣ । ਇਹ ਪਹਿਲਾਂ ਸੁਰੱਖਿਆ ਦਾ ਤਰੀਕਾ ਸੀ ਜੋ ਕਿ ਮਸਜਿਦ ਨਬਵੀ ਵਿੱਚ ਉਸਾਰਿਆ ਗਿਆ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਨੂੰ ਤਾਂ ਮੈਂ ਹਜ਼ਰਤ ਸੁਲੈਮਾਨ ਨਾਲ ਉਪਮਾ ਦਿੰਦਾ ਹਾਂ । ਉਹਨਾ ਨੂੰ ਵੀ ਇਮਾਰਤਾਂ ਦਾ ਬਹੁਤ ਸ਼ੌਕ ਸੀ । ਆਪ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਇਹ ਜ਼ਰੂਰੀ ਨਹੀਂ ਹੈ ਕਿ ਮਸਜਿਦ ਨਗੀਨਿ ਜੜੀ ਤੇ ਪੱਕੀ ਇਮਾਰਤ ਹੋਵੇ ਸਗੋਂ ਕੇਵਲ ਧਰਤੀ'ਤੇ ਮਸਜਿਦ ਦੀ ਸੀਮਾ ਬੰਨ੍ਹ ਦੇਣੀ ਚਾਹੀਦੀ ਹੈ ਅਤੇ ਬਾਂਸ ਆਦਿ ਦਾ ਕੋਈ ਛਪੱਰ (ਜਾਂ ਕੋਈ ਛਜੱਾ ਆਦਿ) ਪਾ ਦਿਓ ਤਾਂ ਜੋ ਮੀਂਹ ਕਣੀ ਆਦਿ ਤੋਂ ਬਚਾਇਆ ਹੋ ਸਕੇ । ਰੱਬ ਔਕੜਾਂ ਤੇ ਦਿਖਾਵੇ ਨੂੰ ਪਸੰਦ ਨਹੀਂ ਕਰਦਾ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੀ ਮਸਜਿਦ ਕੁਝ ਖਜੂਰਾਂ ਦੀਆਂ ਟਾਹਣੀਆਂ ਦੀ ਸੀ ਅਤੇ ਇਸੇ ਪ੍ਰਕਾਰ ਚੱਲੀ ਆਈ । ਫਿਰ ਹਜ਼ਰਤ ਉਸਮਾਨ ਰਜ਼ੀ ਅਲੱਹੁ ਅਨਹੁ ਨੇ ਇਸ ਲਈ ਕਿ ਉਹਨਾ ਨੂੰ ਇਮਾਰਤਾਂ ਦਾ ਸ਼ੌਕ ਸੀ ਆਪਣੇ ਕਾਲ ਵਿੱਚ ਇਸਨੂੰ ਪਕੱਾ ਬਣਵਾਇਆ ਸੀ । ਮੈਨੂੰ ਵਿਚਾਰ ਆਇਆ ਕਰਦਾ ਹੈ ਕਿ ਹਜ਼ਰਤ

ਸੁਲੈਮਾਨ ਅਲੈਹਿ ਸਲਾਮ ਅਤੇ ਉਸਮਾਨ ਰਜ਼ੀ ਅਲੱਾਹੁ ਅਨਹੁ ਦਾ ਆਪੋ ਵਿੱਚ ਕਾਫ਼ੀਆ ਵਾਹਵਾ ਮਿਲਦਾ ਜੁਲਦਾ ਹੈ ਸੰਭਵਤਾ ਇਸੇ ਤੁਲਨਾ ਕਰਕੇ ਇਹਨਾ ਨੂੰ ਇਹਨਾ ਗਲੱਾਂ ਦਾ ਬਹੁਤ ਸ਼ੌਕ ਸੀ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਪਹਿਲਾ ਇਸਲਾਮੀ ਬਹਿਰੀ ਬੇੜਾ 28 ਹਿਜਰੀ ਵਿੱਚ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਦੇ ਕਾਲ ਵਿੱਚ ਬਣਾਇਆ ਗਿਆ । ਅਮੀਰ ਮੁਆਵੀਆਹ ਰਜ਼ੀ ਅਲੱਾਹੁ ਅਨਹੁ ਉਹ ਪਹਿਲੇ ਵਿਅਕਤੀ ਸਨ ਜਿੰਨ੍ਹਾ ਨੇ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਦੇ ਖ਼ਿਲਾਫ਼ਤ ਕਾਲ ਵਿੱਚ ਬਹਿਰੀ ਜੰਗ ਕੀਤੀ । ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਰਿਵਾਇਤ ਵਿੱਚ ਆਉਂਦਾ ਹੈ ਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨਾਲ ਆਚਰਣ ਵਿੱਚ ਸਭ ਤੋਂ ਵੱਧ ਸੁਮੇਲ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਨੂੰ ਸ । ਹਜ਼ਰਤ ਅਬਦੁਰ ਰਹਮਾਨ ਬਿਨ ਉਸਮਾਨ ਬਿਆਨ ਕਰਦੇ ਹਨ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਆਪਣੀ ਬੇਟੀ ਕੋਲ ਆਏ ਜੱਦਕਿ ਉਹ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਦਾ ਸਿਰ ਧੋ ਰਹੀ ਸਨ । ਆਰਪ ਨੇ ਫ਼ਰਮਾਇਆ, ਹੇ ਮੇਰੀ ਬੇਟੀ, ਅਬੂ ਅਬਦੁਲੱਾਹ ਅਰਥਾਤ ਉਸਮਾਨ ਨਾਲ ਚੰਗੇ ਵਰਤਾਉ ਨਾਲ ਪੇਸ਼ ਲਆਇਆ ਕਰੋ ਕਿਉਂਕਿ ਉਹ ਮੇਰੇ ਸਹਾਬਾ ਵਿੱਚੋਂ ਆਚਰਣ ਦੇ ਪੱਖੋਂ ਸਭ ਤੋਂ ਵੱਧ ਮੇਰੇ ਨਾਲ ਸੁਮੇਲ ਰਖੱਦਾ ਹੈ । ਹਜ਼ਰਤ ਯਹਯਾ ਬਿਨ ਅਬਦੁ ਰਹਮਾਨ ਬਿਨ ਹਾਤਬ ਬਿਆਨ ਕਰਦੇ ਹਨ ਕਿ ਮੈਂ ਆਪਣੇ ਪਿਤਾ ਨੂੰ ਇਹ ਕਹਿੰਦਿਆਂ ਹੋਇਆਂ ਸੁਣਿਆ ਹੈ ਕਿ ਮੈਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੇ ਸਹਾਬਾ ਵਿੱਚੋਂ ਗੱਲ ਨੂੰ ਪੂਰੀ ਤੇ ਸੁੰਦਰ ਢੰਗ ਨਾਲ ਵਰਨਣ ਕਰਨ ਵਿੱਚ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਤੋਂ ਵੱਧਕੇ ਕਿਸੇ ਨੂੰ ਨਹੀਂ ਦੇਖਿਆ, ਹਾਂ ਆਪ ਬਹੁਤੀਆਂ ਗਲੱਾਂ ਕਰਨ ਤੋਂ ਗੁਰੇਜ਼ ਕਰਦੇ ਸਨ । ਹਜ਼ਰਤ ਅਬੂ ਹੁਰੈਰਾ ਬਿਆਨ ਕਰਦੇ ਹਨ ਕਿ ਮੈਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੀ ਪੁਤਰੀ ਦੀ ਸੇਵਾ ਵਿੱਚ ਹਾਜ਼ਰ ਹੋਇਆ ਜੋ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਦੀ ਸੁਪਤਨੀ ਸਨ ਅਤੇ ਉਹਨਾ ਦੇ ਹੱਥ ਵਿੱਚ ਕੰਘੀ ਸੀ । ਉਹਨਾ ਦੇ ਦੱਸਿਆ ਕਿ ਹੁਣੇ ਹੁਣੇ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਮੇਰੇ ਕੋਲੋਂ ਗਏ ਹਨ ਅਤੇ ਮੈਂ ਆਪ ਜੀ ਦੇ ਸਿਰ ਵਿੱਚ ਕੰਘੀ ਕੀਤੀ ਹੈ ਤਾਂ ਆਪ ਨੇ ਮੈਂਨੂੰ ਪੁੱਛਿਆ ਕਿ ਤੁਸੀਂ ਅਬੂ ਅਬਦੁਲੱਾਹ ਹਜ਼ਰਤ ਉਸਮਾਨ ਨੂੰ ਕਿਹੋ ਜਿਹਾ ਦੇਖਦੀ ਹੋ ਤਾਂ ਮੇਂ ਅਰਜ਼ ਕੀਤੀ ਬਹੁਤ ਚੰਗਾ । ਆਪ ਨੇ ਫ਼ਰਮਾਇਆ, ਸੋ, ਤੂੰ ਵੀ ਇਹਨਾ ਨਾਲ ਇਜ਼ੱਤ ਨਾਲ ਪੇਸ਼ ਆਇਆ ਕਰ ਕਿਉਂਕਿ ਉਹ ਮੇਰੇ ਸਹਾਬਾ ਵਿੱਚੋਂ ਆਚਰਣ ਦੇ ਪੱਖੋਂ ਮੇਰੇ ਨਾਲ ਸਭ ਤੋਂ ਵੱਧ ਸੁਮੇਲ ਰਖੱਦੇ ਹਨ। ਹਜ਼ੂਰ ਅਨਵਰ ਨੇ ਫ਼ਰਮਾਇਆ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਦਾ ਜ਼ਿਕਰ ਐਥੇ ਖ਼ਤਮ ਹੁੰਦਾ ਹੈ।

ਹਜ਼ੂਰ ਅਨਵਰ ਨੇ ਜੁਮਏ ਦੇ ਖੁਤਬੇ ਦੇ ਅਖ਼ੀਰ ਵਿੱਚ ਮੁਬਸ਼ੱਰ ਅਹਮਦ ਰਿੰਦ ਸਾਹਬ ਮੁਅਲੱਮ ਸਿਲਸਿਲਾ ਰਬਵਾਹ, ਮੁਕਰੱਮ ਮੁਨੀਰ ਅਹਮਦ ਫ਼ਰਖ਼ ਸਾਹਬ ਸਾਬਕਾ ਅਮੀਰ ਜਮਾਤ ਜ਼ਿਲਾ ਇਸਲਾਮ ਆਬਾਦ, ਬ੍ਰਿਗੇਡੀਅਰ ਰਿਟਾਇਰਡ ਮੁਕਰੱਮ ਮੁਹਮੱਦ ਲਤੀਫ਼ ਸਾਹਬ ਸਾਬਕ ਅਮੀਰ ਜ਼ਿਲਾ ਰਾਵਲਪਿੰਡੀ. ਮੁਕਰੱਮ ਕੌਨੇਕ ਬੀਕ ਓਮੁਰ ਬੀਕੋਫ਼ ਸਾਹਬ ਆਫ਼ ਕਰਗ਼ਿਸਤਾਨ ਦਾ ਜ਼ਿਕਰੇ ਖ਼ੈਰ ਕੀਤਾ ਅਤੇ ਜੁਮਏ ਦੀ ਨਮਾਜ਼ ਦੇ ਬਾਦ ਨਮਾਜ਼ ਜਨਾਜ਼ਾਹ ਗਾਇਬ ਪੜ੍ਹਾਈ ।

اَلْحَمْدُلِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ
یُّضْلِلْہُ فَلَا ھَادِیَ لَہٗ وَنَشْھَدُ اَنْ لَّآ اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ. عِبَادَاللّٰہِ رحمکم اللہ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی
وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔

**Khulasa Khutba Jumma 19.03.2021**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131